ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਜੀ!

ਅਸੀਂ ਪੁਲੀਸ ਵਲੋਂ ਬਿਨਾਂ ਵਜ੍ਹਾ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਰੋਕ ਕੇ ਤੰਗ-ਪ੍ਰੇਸ਼ਾਨ ਕਰਨ, ਜਿਸ ਨੂੰ ਕਾਰਡਿੰਗ ਵੀ ਕਹਿੰਦੇ ਹਨ ਨੂੰ ਸਮਝਣ ਲਈ ਕਾਰਲਟਨ ਯੂਨੀਵਰਸਿਟੀ ਅਤੇ ਯੂਨਾਈਟਿਡ ਸਿਖ਼ਸ ਨਾਲ ਮਿਲ ਕੇ ਸਾਂਝੇ ਤੌਰ ਤੇ ਇਕ ਪਰੋਜੈਕਟ ਸ਼ੁਰੂ ਕੀਤਾ ਹੈ। ਇਹ ਆਮ ਤੌਰ ਤੇ ਪ੍ਰਚੱਲਤ ਹੈ ਕਿ ਘੱਟ ਗਿਣਤੀ ਭਾਈਚਾਰੇ ਨੂੰ ਜਿਸ ਵਿਚ ਆਪਣਾ ਭਾਈਚਾਰਾ ਵੀ ਸ਼ਾਮਲ ਹੈ ਪੁਲੀਸ ਵਲੋਂ ਬਹੁਤ ਵਾਰ ਬਿਨਾਂ ਵਜ੍ਹਾ ਰੋਕਿਆ ਜਾਂਦਾ ਹੈ। ਇਸ ਪਰੋਜੈਕਟ ਰਾਹੀਂ ਅਸੀਂ ਆਪਣੇ ਭਾਈਚਾਰੇ ਦੇ ਨਾਲ ਹੋਏ ਪੁਲੀਸ ਦੇ ਵਰਤਾਉ ਬਾਰੇ ਜਾਣਾਂਗੇ ਅਤੇ ਇਸ ਬਾਰੇ ਸਾਨੂੰ ਕੀ ਕਰਨਾ ਚਾਹੀਦਾ ਹੈ ਦੀ ਰਣਨੀਤੀ ਘੜਾਂਗੇ।

ਸਾਨੂੰ ਇਸ ਪ੍ਰੋਜੈਕਟ ਦੀ ਸਫ਼ਲਤਾ ਲਈ ਤੁਹਾਡੀ ਮਦਦ ਦੀ ਲੋੜ ਹੈ। ਇਸ ਪ੍ਰੋਜੈਕਟ ਅਧੀਨ ਅਸੀਂ ਉਹਨਾਂ ਲੋਕਾਂ ਨੂੰ ਮਿਲ ਰਹੇ ਹਾਂ ਜਿਹਨਾਂ ਨੂੰ ਪੁਲੀਸ ਦੁਆਰਾ ਰੋਕਿਆ ਗਿਆ ਹੈ। ਜੇਕਰ ਉਨਟਾਰੀਉ ਵਿਚ ਤੁਸੀਂ 18 ਸਾਲ ਅਤੇ ਇਸ ਤੋਂ ਉਪਰ ਦੀ ਉਮਰ ਦੇ ਸਿੱਖ ਮਰਦ ਹੋ, ਤੁਹਾਡੇ ਨਾਲ ਇਸ ਤਰ੍ਹਾਂ ਹੋਇਆ ਹੈ ਜਾਂ ਤੁਸੀ ਕਿਸੇ ਨੂੰ ਜਾਣਦੇ ਹੋ ਜਿਸ ਨਾਲ ਇਸ ਤਰ੍ਹਾਂ ਹੋਇਆ ਹੋਵੇ ਭਾਵ ਤੁਸੀਂ ਕੋਈ ਗਲਤੀ ਨਹੀਂ ਕੀਤੀ ਪਰ ਫਿਰ ਵੀ ਪੁਲੀਸ ਨੇ ਤੁਹਾਨੂੰ ਰੋਕ ਕੇ ਸਵਾਲ ਜਵਾਬ ਕੀਤੇ ਹੋਣ ਤਾਂ ਸਾਡੇ ਨਾਲ ਸੰਪਰਕ ਕਰੋ। ਅਸੀਂ ਤੁਹਾਡੇ ਸਮੇਂ ਅਤੇ ਸਥਾਨ ਅਨੁਸਾਰ ਬੈਠ ਕੇ ਤੁਹਾਡੇ ਨਾਲ ਗਲਬਾਤ ਕਰਾਂਗੇ। ਸਾਰੇ ਘਟਨਾਕਰਮ ਦੀ ਸਾਨੂੰ ਪੂਰੀ ਜਾਣਕਾਰੀ ਹੋਣੀ ਜਰੂਰੀ ਹੈ ਤਾਂ ਕਿ ਅਸੀਂ ਅਗਲੇਰੀ ਕਾਰਵਾਈ ਦੀ ਵਿਉਂਤਬੰਦੀ ਕਰ ਸਕੀਏ। ਤੁਹਾਡੇ ਕੀਮਤੀ ਸਮੇਂ ਅਤੇ ਧੰਨਵਾਦ ਲਈ ਤੁਹਾਨੂੰ $10 ਦਾ ਟਿਮ ਹੌਰਟਨ ਦਾ ਕਾਰਡ ਦਿਤਾ ਜਾਵੇਗਾ।

ਸਾਨੂੰ ਤੁਹਾਡੀ ਗੋਪਨੀਅਤਾ ਦਾ ਪੂਰਾ ਧਿਆਨ ਹੈ ਸੋ ਜੇਕਰ ਤੁਸੀਂ ਠੀਕ ਸਮਝੋ ਫਿਰ ਹੀ ਇਸ ਪ੍ਰੋਜੈਕਟ ਵਿਚ ਹਿੱਸਾ ਲਵੋ। **ਤੁਹਾਡੀ ਗੋਪਨੀਅਤਾ ਅਤੇ ਪਹਿਚਾਨ ਨੂੰ ਧਿਆਨ ਵਿਚ ਰਖਦੇ ਹੋਏ ਅਸੀਂ ਕੁਝ ਕਦਮ ਚੁੱਕੇ ਹਨ ਜਿਵੇਂ ਰਿਪੋਰਟ ਵਿਚ ਤੁਹਾਨੂੰ ਕੋਈ ਹੋਰ ਨਾਮ ਦਿਤਾ ਜਾਵੇਗਾ।**

ਸੋ ਆਉ ਆਪਣੇ ਭਾਈਚਾਰੇ ਦੀ ਸਕਾਰਾਤਮਕ ਪਹਿਚਾਣ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ, ਇਹ ਸਮਝੀਏ। ਜੇਕਰ ਤੁਹਾਨੂੰ ਹੋਰ ਕੋਈ ਜਾਣਕਾਰੀ ਚਾਹੀਦੀ ਹੈ ਜਾਂ ਤੁਸੀਂ ਇਸ ਪ੍ਰੋਜੈਕਟ ਵਿਚ ਹਿੱਸਾ ਲੈਣਾ ਚਹੁੰਦੇ ਹੋ ਤਾਂ ਗੁਰਦੀਪ ਸਿੰਘ ਨਾਲ 416-400-3942 ਤੇ ਜਾਂ ਈਮੇਲ gurdeepjagpal@cmail.carleton.ca ਜਾਂ gurdeep.singh@unitedsikhs.org ਰਾਹੀਂ ਸੰਪਰਕ ਕਰੋ। ਕਿਰਪਾ ਕਰਕੇ ਇਸ ਪ੍ਰੋਜੈਕਟ ਬਾਰੇ ਵੱਧ ਤੋਂ ਵੱਧ ਪਰਿਵਾਰਾਂ ਨਾਲ ਗਲਬਾਤ ਕਰੋ ਤਾਂ ਕਿ ਇਹ ਜਾਣਕਾਰੀ ਘਰ-ਘਰ ਪਹੁੰਚ ਸਕੇ।